BRAMPTON Flower City
brampton.ca

media release

ਤੁਰੰਤ ਰਿਲੀਜ ਲਈ

## ਪਹਿਲਾ ਖਾਸ ਕਿਸਮ ਦਾ ਬ੍ਰੈਂਪਟਨ ਸਿਟੀ ਬਜਟ ਜ਼ੀਰੋ ਪ੍ਰਤੀਸ਼ਤ ਟੈਕਸ ਵਾਧਾ ਦਿੰਦਾ ਹੈ: ਇਹ ਵਾਧਾ 20 ਸਾਲਾਂ ਵਿੱਚ ਸਭ ਤੋਂ ਘੱਟ ਹੈ

ਬ੍ਰੈਂਪਟਨ, ਓਨਟੈਰੀਓ (27 ਮਾਰਚ, 2019) – ਅੱਜ ਕਾਉਂਸਿਲ ਨੇ ਸਰਬ-ਸੰਮਤੀ ਨਾਲ ਬ੍ਰੈਂਪਟਨ ਦੇ 2019 ਦੇ ਬਜਟ ਨੂੰ ਮਨਜ਼ੂਰੀ ਦਿੱਤੀ। ਇਸ ਬਜਟ ਵਿੱਚ ਟੈਕਸ ਵਿੱਚ ਔਸਤ ਜ਼ੀਰੋ ਪ੍ਰਤੀਸ਼ਤ ਦੀ ਤਬਦੀਲੀ ਹੈ, ਜੋ ਲਗਭਗ 20 ਸਾਲਾਂ ਵਿੱਚ ਸਭ ਤੋਂ ਘੱਟ ਹੈ।

ਬ੍ਰੈਂਪਟਨ ਦੇ 2019-2021 ਦੇ ਬਜਟ ਦੀਆਂ ਝਲਕੀਆਂ ਵਿੱਚ ਸ਼ਾਮਲ ਹਨ: ਭੀੜ ਨੂੰ ਘਟਾਉਣ ਲਈ ਬੱਸ ਫਲੀਟ ਵਿੱਚ 16 ਪ੍ਰਤੀਸ਼ਤ ਦਾ ਵਾਧਾ, ਕ੍ਰਿਸ ਗਿਬਸਨ (Chris Gibson) ਅਤੇ ਚਿੰਗਕੂਜ਼ੀ ਵੈਲਨੈਸ ਸੈਂਟਰ (Chinguacousy Wellness Centre) ਸਮੇਤ ਕਈ ਰੇਕ੍ਰੀਏਸ਼ਨ ਸੈਂਟਰਾਂ ਨੂੰ ਪੁਨਰਜੀਵਿਤ ਕਰਨਾ ਅਤੇ ਮੁੱਖ ਆਰਥਿਕ ਸੈਕਟਰਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਕਮਿਉਨਿਟੀ ਇੰਪਰੂਵਮੈਂਟ ਪ੍ਰੋਗਰਾਮ (Community Improvement Program)।

ਮਨਜ਼ੂਰ ਕੀਤੇ ਬਜਟ ਦੇ ਨਤੀਜੇ ਵਜੋਂ 2019 ਵਿੱਚ ਪ੍ਰਾਪਰਟੀ ਟੈਕਸ ਵਿੱਚ ਕੁੱਲ ਔਸਤ ਵਾਧਾ 1.1 ਪ੍ਰਤੀਸ਼ਤ ਹੋਵੇਗਾ। ਇਸ ਵਿੱਚ ਸਿਟੀ (ਜ਼ੀਰੋ ਪ੍ਰਤੀਸ਼ਤ), ਰੀਜਨ ਆਫ ਪੀਲ (1.1 ਪ੍ਰਤੀਸ਼ਤ ਦਾ ਵਾਧਾ) ਅਤੇ ਸਕੂਲ ਬੋਰਡ (ਜ਼ੀਰੋ ਪ੍ਰਤੀਸ਼ਤ) ਤੱਕ ਦੀਆਂ ਔਸਤ ਟੈਕਸ ਤਬਦੀਲੀਆਂ ਸ਼ਾਮਲ ਹਨ।

ਟੈਕਸ ਵਿੱਚ ਔਸਤ ਜ਼ੀਰੋ ਪ੍ਰਤੀਸ਼ਤ ਦੀ ਤਬਦੀਲੀ ਸੇਵਾਵਾਂ ਘਟਾ ਕੇ ਸੰਭਵ ਨਹੀਂ ਹੋਈ ਸੀ, ਬਲਕਿ ਉਹਨਾਂ ਮੁੱਖ ਕਾਰਕਾਂ ਨਾਲ ਹੋਈ ਸੀ, ਜੋ 2018 ਵਿੱਚ ਖਾਸ ਸਨ। ਸਿਟੀ ਸੰਗਠਨਾਤਮਕ ਸਮਰੱਥਤਾਵਾਂ ਅਤੇ ਸ਼ਾਨਦਾਰ ਮਾਲੀਆ ਵਾਧੇ ਦੇ ਕਾਰਨ ਟੈਕਸ ਦਾ ਭੁਗਤਾਨ ਕਰਨ ਵਾਲਿਆਂ ਨੂੰ ਇਹ ਫ਼ਾਇਦੇ ਦੇਣ ਵਿੱਚ ਸਮਰੱਥ ਹੋਈ ਸੀ। ਇਹਨਾਂ ਕਾਰਕਾਂ ਨੇ ਮਿਉਨਿਸਿਪਲਟੀਜ ਨੂੰ ਗੈਸ ਟੈਕਸ ਫੰਡਿੰਗ (Gas Tax Funding) ਨੂੰ ਦੁੱਗਣਾ ਕਰਨ ਦੀ ਸੰਘ ਸਰਕਾਰ ਦੀ ਵਚਨਬੱਧਤਾ ਨਾਲ ਮਿਲ ਕੇ, 2019-2021 ਦੇ ਬਜਟ ਵਿੱਚ ਮੁੱਖ ਕਾਰਜਨੀਤੀ ਸਬੰਧੀ ਨਿਵੇਸ਼ਾਂ ਦੇ ਪ੍ਰਤੀ ਪੈਸੇ ਦੀ ਵੰਡ ਵਿੱਚ ਮਦਦ ਕੀਤੀ।

**2019-2021 ਬਜਟ ਦੀਆਂ ਝਲਕੀਆਂ**

**1. ਜੀਵਨ ਕੁਆਲਿਟੀ ਨੂੰ ਬਿਹਤਰ ਬਣਾਉਣਾ**

- ਤਿੰਨ ਸਾਲਾਂ ਵਿੱਚ 46 ਪਰੰਪਰਿਕ ਬੱਸਾਂ ਅਤੇ 25 ਜ਼ੂਮ (Züm) ਬੱਸਾਂ ਸ਼ਾਮਲ ਕਰਨਾ
- ਬਜ਼ੁਰਗਾਂ ਲਈ ਇੱਕ ਨਵਾਂ $15 ਮਾਸਿਕ ਟ੍ਰਾਂਜ਼ਿਟ ਪਾਸ
- ਨੋਰਥਵੈਸਟ ਬ੍ਰੈਂਪਟਨ ਵਿੱਚ ਇੱਕ ਨਵੇਂ ਫਾਇਰ ਸਟੇਸ਼ਨ ਦੀ ਉਸਾਰੀ ਕਰਨਾ; ਵੱਧ ਭਰੋਸੇਮੰਦ ਪ੍ਰਤੀਕਿਰਿਆ ਵਾਲੀ ਫੋਰਸ ਲਈ ਅੱਗ ਦੇ ਵਿਗਿਆਨਕ ਯੰਤਰਾਂ ਅਤੇ ਉਪਕਰਨਾਂ ਨੂੰ ਅੱਪਡੇਟ ਕਰਨਾ
- ਕ੍ਰਿਸ ਗਿਬਸਨ (Chris Gibson), ਹੋਡੇਨ (Howden) ਅਤੇ ਬਾਲਮੋਰਲ (Balmoral) ਰੇਕ੍ਰੀਏਸ਼ਨ ਸੈਂਟਰਾਂ ਨੂੰ ਪੁਨਰਜੀਵਿਤ ਕਰਨਾ; ਚਿੰਗਕੂਜ਼ੀ ਵੈਲਨੈਸ ਸੈਂਟਰ (Chinguacousy Wellness Centre) ਨੂੰ ਅੱਪਗ੍ਰੇਡ ਕਰਨਾ; ਰਿਵਰਸਟੋਨ ਗੋਲਫ ਕਲੱਬ (Riverstone Golf Club) ਨੂੰ 34,000 ਸਕਵੇਅਰ ਫੁੱਟ ਦੇ ਕਮਿਉਨਿਟੀ ਸੈਂਟਰ (Community Centre) ਵਿੱਚ ਬਦਲਣਾ
- ਭਾਈਚਾਰਕ ਸੁਰੱਖਿਆ ਪ੍ਰੋਗਰਾਮ ਸਬੰਧੀ ਪਹਿਲਕਦਮੀਆਂ ਦੇ ਪ੍ਰਤੀ ਇੱਕ ਪਬਲਿਕ ਸੁਰੱਖਿਆ ਪ੍ਰੋਜੈਕਟ (Public Safety Project) ਦੀ ਸ਼ੁਰੂਆਤ ਕਰਨਾ

**2. ਸਾਡੇ ਅਰਥਚਾਰੇ ਵਿੱਚ ਵਾਧਾ ਕਰਨਾ**

- ਨਵਾਂ ਮਾਰਕੀਟਿੰਗ ਅਤੇ ਫੋਰੇਨ ਡਾਇਰੈਕਟ ਇਨਵੈਸਟਮੈਂਟ (ਐਫ.ਡੀ.ਆਈ.) (Foreign Direct Investment) (FDI) ਪ੍ਰੋਗਰਾਮ ਅਤੇ

ਬ੍ਰੈਂਪਟਨ ਦੇ ਆਰਥਿਕ ਵਿਕਾਸ ਦੇ ਮਾਸਟਰ ਪਲਾਨ (Brampton's Economic Development Master Plan) ਵਿੱਚ ਪਛਾਣੇ ਗਏ ਅਰਥਚਾਰਾ ਸੈਕਟਰਾਂ ਨੂੰ ਉਤਸ਼ਾਹਿਤ ਕਰਨ ਲਈ ਕਮਿਉਨਿਟੀ ਇੰਪਰੂਵਮੈਂਟ ਪ੍ਰੋਗਰਾਮ (Community Improvement Program) ਤਿਆਰ ਕਰਨਾ

- o ਸੈਂਟਰ ਫਾਰ ਇਨੋਵੇਸ਼ਨ ਐਂਡ ਕਨੈਕਟਿਡ ਲਰਨਿੰਗ (Centre for Innovation and Connected Learning) ਸਥਾਪਤ ਕਰਨ ਦੇ ਪ੍ਰਤੀ ਕੰਮ ਕਰਨਾ।
- o [ਰਿਵਰਵਾਕ (Riverwalk)](#) ਪ੍ਰੋਜੈਕਟ ਲਈ ਐਨਵਾਇਰਨਮੈਂਟਲ ਅਸੈਸਮੈਂਟ ਐਂਡ ਅਰਬਨ ਡਿਜ਼ਾਈਨ ਮਾਸਟਰ ਪਲਾਨ (Environmental Assessment and Urban Design Master Plan) ਲਾਗੂ ਕਰਨਾ।

**3. ਚੰਗੀ ਤਰ੍ਹਾਂ ਸੰਚਾਲਿਤ ਸ਼ਹਿਰ ਬਣਨਾ**

- o ਪਿਛਲੇ ਟੈਕਸ ਬਿਲਾਂ ਵਿੱਚ ਜੋ ਹਸਪਤਾਲ ਕਰ (Hospital Levy) ਸੀ, ਉਹ ਹੁਣ ਪੂਰੀ ਹੋ ਗਈ ਹੈ ਅਤੇ ਇਕੱਠੀਆਂ ਕੀਤੀਆਂ ਗਈਆਂ ਰਕਮਾਂ ਪੀਲ ਮੈਮੋਰੀਅਲ ਸੈਂਟਰ (Peel Memorial Centre) ਦੇ ਫੇਜ 2 ਲਈ ਉਪਲਬਧ ਕਰਾਈਆਂ ਜਾਣਗੀਆਂ
- o ਸੜਕਾਂ, ਭਾਈਚਾਰਕ ਕੇਂਦਰਾਂ ਅਤੇ ਹੋਰਾਂ ਸੰਪਤੀਆਂ ਨੂੰ ਚੰਗੀ ਸਥਿਤੀ ਵਿੱਚ ਕਾਇਮ ਰੱਖਣ ਲਈ ਦੋ ਪ੍ਰਤੀਸ਼ਤ ਇੰਫਰਾਸਟ੍ਰਕਚਰ ਕਰ ਜਾਰੀ ਰੱਖਣਾ।
- o ਭਵਿੱਖ ਵਿੱਚ ਟ੍ਰਾਂਜ਼ਿਟ ਦੇ ਵਾਧੇ ਦੀਆਂ ਲੋੜਾਂ ਲਈ ਫੰਡਿੰਗ ਦਾ ਸਮਰਪਿਤ, ਸਥਿਰ ਸਰੋਤ ਮੁਹੱਈਆ ਕਰਨ ਲਈ ਇੱਕ ਪ੍ਰਤੀਸ਼ਤ ਟ੍ਰਾਂਜ਼ਿਟ ਕਰ (Transit Levy) ਪੇਸ਼ ਕਰਨਾ
- o ਟੈਕਸ ਬਿਲ ਵਿੱਚ ਸਿਟੀ ਦੇ ਹਿੱਸੇ ਵਿੱਚ ਜ਼ੀਰੋ ਪ੍ਰਤੀਸ਼ਤ ਔਸਤ ਵਾਧਾ ਦੇਣ ਲਈ ਬਜਟ ਵਿੱਚ ਸਬੰਧਿਤ ਕਰ ਲਗਾਏ ਗਏ ਹਨ

**ਲਿੰਕ**

[ਟਰਮ ਆਫ ਕਾਉਂਸਿਲ ਪ੍ਰਿਓਰਟੀਜ ਅਤੇ ਬ੍ਰੈਂਪਟਨ 2040 ਵਿਜਨ (Term of Council Priorities and Brampton 2040 Vision)](#)

[ਸਿਟੀ ਆਫ ਬ੍ਰੈਂਪਟਨ ਦੇ ਬਜਟ ਦਾ ਵੈਬਪੇਜ (City of Brampton's Budget webpage)](#)

**ਹਵਾਲੇ**

"ਇਸ ਕਾਉਂਸਿਲ ਨੂੰ ਆਪਣਾ ਅਜਿਹਾ ਪਹਿਲਾ ਬਜਟ ਪੇਸ਼ ਕਰਨ ਤੇ ਮਾਣ ਹੈ, ਜਿਸ ਵਿੱਚ ਉੱਚ-ਕਿਸਮ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਦੇਣ ਵਿੱਚ ਸਮਝੌਤਾ ਕੀਤੇ ਬਿਨਾਂ ਸਿਟੀ ਦੇ ਹਿੱਸੇ ਆਉਣ ਵਾਲੇ ਕਰਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ। ਅਸੀਂ ਟ੍ਰਾਂਜ਼ਿਟ ਵਿੱਚ ਵੱਡੇ ਨਿਵੇਸ਼ ਕਰ ਰਹੇ ਹਾਂ ਅਤੇ ਆਰਥਿਕ ਵਾਧੇ ਲਈ ਮੌਕੇ ਪੈਦਾ ਕਰ ਰਹੇ ਹਾਂ। ਜਿਵੇਂ-ਜਿਵੇਂ ਬ੍ਰੈਂਪਟਨ 2040 ਵਿਜਨ ਦੇ ਮੁਤਾਬਕ ਹੋਰ ਅੱਗੇ ਵਧੇਗਾ, ਸਾਡੀ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਬਾਦੀ ਦੀਆਂ ਵਧਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਉਣ ਵਾਲੇ ਸਾਲਾਂ ਵਿੱਚ ਲਗਾਤਾਰ ਨਿਵੇਸ਼ਾਂ ਦੀ ਲੋੜ ਹੋਵੇਗੀ।"

- *ਮੇਅਰ ਪੈਟਰਿਕ ਬ੍ਰਾਊਨ (Patrick Brown), ਚੇਅਰ ਆਫ ਬਜਟ ਕਮੇਟੀ*

"2019-2021 ਬਜਟ ਨੂੰ ਬਿਹਤਰ ਬਣਾਉਣ ਵਿੱਚ ਭਾਈਚਾਰਕ ਸੁਝਾਅ ਜ਼ਰੂਰੀ ਸੀ ਅਤੇ ਅਸੀਂ ਸਾਡੇ ਨਿਵਾਸੀਆਂ ਅਤੇ ਕਾਰੋਬਾਰੀਆਂ ਦੇ ਧੰਨਵਾਦੀ ਹਾਂ ਕਿ ਉਹਨਾਂ ਨੇ ਬ੍ਰੈਂਪਟਨ ਨੂੰ ਅੱਗੇ ਵਧਾਉਣ ਵਿੱਚ ਮਦਦ ਕਰਨ ਵਿੱਚ ਸਕਿਰਿਆ ਦਿਲਚਸਪੀ ਦਿਖਾਈ। ਅਸੀਂ ਟ੍ਰਾਂਜ਼ਿਟ ਕਨੈਕਸ਼ਨਾਂ, ਪੋਸਟ-ਸੈਕੰਡਰੀ ਸਿੱਖਿਆ ਅਤੇ ਲਚਕਦਾਰ ਇੰਫਰਾਸਟ੍ਰਕਚਰ ਜਿਹੇ ਤਰਜੀਹੀ ਖੇਤਰਾਂ ਵਿੱਚ ਟਰਮ ਆਫ ਕਾਉਂਸਿਲ ਪ੍ਰਿਓਰਟੀਜ ਨੂੰ ਉੱਨਤ ਕਰਨ ਲਈ ਸਰਕਾਰ ਦੇ ਉੱਚੇ ਪੱਧਰਾਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ। ਇਹ ਸਾਰੇ ਖੇਤਰ ਬ੍ਰੈਂਪਟਨ ਵਿੱਚ ਨਿਵੇਸ਼ ਲਈ ਕਾਰੋਬਾਰੀਆਂ ਨੂੰ ਆਕਰਸ਼ਿਤ ਕਰਨ ਲਈ ਮਹੱਤਵਪੂਰਨ ਹਨ।"

- *ਰੀਜਨਲ ਕਾਉਂਸਲਰ ਪਾੱਲ ਵਿਸੇਂਟ (Paul Vicente), ਵਾਈਸ-ਚੇਅਰ ਆਫ ਬਜਟ ਕਮੇਟੀ*

"ਮੈਂ ਸਟਾਫ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਹਨਾਂ ਨੇ ਇਹ ਇਤਿਹਾਸਕ ਬਜਟ ਪ੍ਰਦਾਨ ਕਰਨ ਵਿੱਚ ਨਵੀਨਤਾਕਾਰੀ ਤਰੀਕਿਆਂ ਵਿੱਚ ਵਾਧੇ ਸਬੰਧੀ ਚੁਣੌਤੀਆਂ ਤੇ ਅਤੇ ਸੰਗਠਨਾਤਮਕ ਅਤੇ ਵਿੱਤੀ ਸਮਰੱਥਤਾਵਾਂ ਪ੍ਰਾਪਤ ਕਰਨ ਤੇ ਧਿਆਨ ਦਿੱਤਾ। ਚੰਗੀ ਆਰਥਿਕ ਸਥਿਤੀ ਅਤੇ ਠੋਸ ਯੋਜਨਾਬੰਦੀ ਨੇ ਟੈਕਸ

ਦਾ ਭੁਗਤਾਨ ਕਰਨ ਵਾਲਿਆਂ ਨੂੰ ਥੋੜ੍ਹੀ ਰਾਹਤ ਦੇਣ ਵਿੱਚ ਮਦਦ ਕੀਤੀ। ਬ੍ਰੈਂਪਟਨ ਕੈਨੇਡਾ ਵਿੱਚ ਅਤੇ ਇਸਤੋਂ ਬਾਹਰ ਇੱਕ ਮੁੱਖ ਸ਼ਹਿਰੀ ਪਲੇਅਰ ਦੇ ਤੌਰ ਤੇ ਆਪਣੀ ਗਤੀ ਨੂੰ ਵਧਾ ਰਿਹਾ ਹੈ, ਵਾਧੇ ਸਬੰਧੀ ਦਬਾਅ ਜਾਰੀ ਰਹਿਣਗੇ ਅਤੇ ਅਸੀਂ ਅੱਗੇ ਵਧਣ ਅਤੇ ਸੁਧਾਰ ਜਾਰੀ ਰੱਖਣ ਲਈ ਸਹੀ ਨਿਵੇਸ਼ ਕਰਾਂਗੇ।"

- *ਜੋ ਪਿਟਾਰੀ (Joe Pittari), ਐਕਟਿੰਗ ਚੀਫ ਐਡਮਿਨਿਸਟ੍ਰੇਟਿਵ ਅਫਸਰ*

-30-

ਸਿਟੀ ਆਫ ਬ੍ਰੈਂਪਟਨ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ ਜਾਂ ਸਾਨੂੰ Twitter, Facebook, ਅਤੇ Instagram ਤੇ ਫਾਲੋ ਕਰੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca